—ਜੁਗਰਾਜ ਗਿੱਲ
704-257-6693.

ਨਿੱਕੀ ਹੈਲੇ

ਕਿਸੇ ਵਿਦੇਸ਼ੀ, ਅਣਜਾਣ, ਪਰਾਏ ਦੇਸ਼ ਵਿੱਚ ਜਾ ਕੇ ਪਹਿਲਾਂ ਸਥਾਪਤ ਹੋਣਾ, ਫਿਰ ਪੈਸਾ ਕਮਾਉਣਾ ਅਤੇ ਨਾਂ ਵੀ ਕਮਾਉਣਾ ਕਾਫੀ ਮੁਸ਼ਕਲ ਤੇ ਸੰਘਰਸ਼ਪੂਰਨ ਹੁੰਦਾ ਹੈ। ਸਮਾਜ ਸੇਵਾ ਕਰਕੇ —

ਨਿੱਕੀ ਦੀ ਮਾਤਾ, ਜਿਨ੍ਹਾਂ ਦਾ ਅਮੀਰ ਪਰਿਵਾਰ, ਹਰਿਮੰਦਰ ਸਾਹਿਬ ਨੇੜਲੇ ਛੇ ਮੰਜ਼ਿਲਾ ਦੇ ਘਰ 'ਚ ਰਹਿੰਦਾ ਸੀ, ਨੇ ਰਾਜ ਕੌਰ ਨੂੰ ਉਨ੍ਹਾਂ ਸਮਿਆਂ ਵਿੱਚ ਕਾਨੂੰਨ ਦੀ ਡਿਗਰੀ ਵਰਗੀ ਉਚ ਸਿੱਖਿਆ ਦਿਵਾਈ ਜਦੋਂਕਿ ਲੋਕ ਤਦ ਕੁੜੀਆਂ ਸਕੂਲ-ਕਾਲਜ ਭੇਜਣ ਦਾ ਬੁਰਾ ਮਨਾਉਂਦੇ ਸਨ। ਸੋ ਉਨ੍ਹਾਂ ਨੂੰ ਵਕੀਲ ਜਾਂ ਜੱਜ ਬਣਾਉਣ ਦੇ ਬਜਾਏ ਵਿਆਹ ਕਰ ਦਿੱਤਾ ਗਿਆ।

ਲੋਕਾਂ ਦੇ ਮਸਲੇ ਹੱਲ ਕਰਕੇ ਵਿਦੇਸ਼ੀ ਰਾਜਨੀਤੀ ਦੀ ਅਗਵਾਈ ਕਰਕੇ ਆਪਣੇ ਵੀ ਦੇਸ਼ ਦਾ ਨਾਂ ਰੌਸ਼ਨ ਕਰਨਾ ਹੋਰ ਵੀ ਔਖਾ ਕੰਮ ਹੁੰਦਾ ਹੈ। ਕੈਨੇਡਾ ਤੇ ਇੰਗਲੈਂਡ ਵਿੱਚ ਤਾਂ ਭਾਰਤੀਆਂ ਤੇ ਖਾਸ ਕਰਕੇ ਪੰਜਾਬੀਆਂ ਦੀ ਆਬਾਦੀ ਵੱਧ ਹੋਣ ਕਾਰਨ ਉਥੇ ਕਈ ਨੇਤਾ, ਮੰਤਰੀ, ਪ੍ਰੀਮੀਅਰ ਬਣੇ ਤੇ ਬਣ ਵੀ ਰਹੇ ਹਨ। ਐਪਰ ਆਸਟ੍ਰੇਲੀਆ ਤੇ ਅਮਰੀਕਾ ਵਿੱਚ ਅਜੇ ਇੰਝ ਨਹੀਂ ਹੈ।

ਅਮਰੀਕਾ ਦੇ 50 ਕੁ ਰਾਜਾਂ ਵਿੱਚੋਂ ਸਿਰਫ਼ ਦੋ ਸਟੇਟਾਂ ਦੇ ਹੀ, ਇੱਕ ਲੂਸੀਆਨਾ ਦੇ ਬੌਬੀ ਜਿੰਦਲ (ਮੂਲ ਵਾਸੀ ਮਾਲੇਰਕੋਟਲਾ) ਤੇ ਦੂਜੀ ਨਿਮਰਤ ਕੌਰ ਰੰਧਾਵਾ ਉਰਫ਼ ਨਿੱਕੀ ਹੈਲੇ ਰੰਧਾਵਾ, ਜੋ ਮੇਰੇ ਗੁਆਂਢੀ ਸੂਬੇ ਦੱਖਣੀ ਕੈਰੋਲੀਨਾ ਦੇ ਗਵਰਨਰ ਹਨ। ਯਾਦ ਰਹੇ ਅਮਰੀਕਾ ਵਿੱਚ ਮੁੱਖ ਮੰਤਰੀ ਵਾਲੀਆਂ ਤਾਕਤਾਂ ਰਾਜ ਦੇ ਗਵਰਨਰ ਕੋਲ ਤੇ ਪ੍ਰਧਾਨ ਮੰਤਰੀ ਦੀ ਜਗ੍ਹਾ ਰਾਸ਼ਟਰਪਤੀ ਹੀ ਦੇਸ਼ ਦਾ ਸਭ ਤੋਂ ਤਾਕਤਵਰ ਮੁਖੀ ਹੁੰਦਾ ਹੈ।

ਨਿੱਕੀ ਹੈਲੇ 42 ਸਾਲਾਂ ਦੀ ਅਮਰੀਕਾ ਦੀ ਸਭ ਤੋਂ ਜਵਾਨ, ਪਹਿਲੀ ਔਰਤ ਤੇ ਦੁਬਾਰਾ ਜਿੱਤੀ ਇੱਕੋ-ਇੱਕ ਗਵਰਨਰ ਬਣੀ ਹੈ। ਉਹ ਰਿਪਬਲੀਕਨ ਪਾਰਟੀ ਦੀ ਨੇਤਾ ਤੇ ਲੋਕਾਂ ਤੋਂਸਭ ਤੋਂ ਵੱਧ ਇਲੈਕਸ਼ਨ ਫੰਡ ਪ੍ਰਾਪਤ ਵੀ ਕਰ ਚੁੱਕੀ ਹੈ। ਹਾਲਾਂਕਿ ਜਦੋਂ ਉਹ ਵਿਦਿਆਰਥਣ ਸੀ ਤਾਂ ਉਸਨੇ ਰਾਜਨੀਤੀ ਵਿੱਚ ਤਾਂ ਆਉਣ

ਅਮਰੀਕਾ ਵਿਖੇ ਆਪਣੇ ਪਰਿਵਾਰ ਨਾਲ ਨਿੱਕੀ ਹੈਲੇ।

ਬਾਰੇ ਕਦੇ ਸੁਪਨਾ ਵੀ ਨਹੀਂ ਸੀ ਲਿਆ। ਪਰ ਉਸਦੇ ਮਾਪਿਆਂ ਵੱਲੋਂ ਤੇ ਸਿੱਖ ਧਰਮ ਦੇ 'ਸਰਬੱਤ ਦਾ ਭਲਾ' ਕਰਨ ਜਿਹੇ ਸੰਸਕਾਰਾਂ ਕਰਕੇ ਹੀ ਉਹ ਰਾਜਨੀਤੀ ਵਿੱਚ ਦਾਖ਼ਲ ਹੋਈ।

ਨਿੱਕੀ ਦੇ ਪਿਤਾ ਸ. ਅਜੀਤ ਸਿੰਘ ਰੰਧਾਵਾ ਦਾ ਜੱਦੀ ਪਿੰਡ ਪੰਡੋਰੀ ਰਣ ਸਿੰਘ, ਥਾਣਾ ਝਬਾਲ, ਜ਼ਿਲ੍ਹਾ ਤਰਨਤਾਰਨ ਹੈ, ਜਦਕਿ ਗੁਆਂਢੀ ਚਾਰਪਿੰਡ ਵੀ ਪੰਡੋਰੀ ਹਸਨ, ਪੰਡੋਰੀ ਰਹਿਮਾਣਾ, ਪੰਡੋਰੀ ਤਖ਼ਤ ਮੱਲ, ਪੰਡੋਰੀ ਸਿੱਧਵਾਂ ਹਨ, ਜਿੱਥੇ ਸਿੱਧੂ ਗੋਤ ਦੇ ਬਾਕੀ ਚਾਰਾਂ ਵਿੱਚ ਰੰਧਾਵਾ ਗੋਤ ਦੇ ਜੱਟ ਸਿੱਖ ਵਾਸੀ ਹਨ। ਪੰਡੋਰੀ ਤਖ਼ਤ ਮੱਲ ਦੇ ਸ. ਸੁਰਜੀਤ ਸਿੰਘ ਰੰਧਾਵਾ ਦੀ ਗੈਸਟੋਨੀਆਂ (ਗੁਆਂਢੀ ਕਸਬਾ) ਵਿਚ ਖ਼ੁਦ ਦੀ ਯੈਲੋ ਕੈਬ ਟੈਕਸੀ ਕਾਰਾਂ ਦੀ ਕੰਪਨੀ ਹੈ, ਨਿੱਕੀ ਦੇ ਚਾਚਾ ਜੀ ਹਨ ਜੋ ਨਿੱਕੀ ਹੈਲੇ ਦੇ ਪੀ. ਆਰ. ਓ. ਵੀ ਹਨ, ਦੇ ਅਨੁਸਾਰ ਨਿੱਕੀ ਦੇ ਪਿਤਾ ਸ੍ਰ. ਅਜੀਤ ਸਿੰਘ ਰੰਧਾਵਾ ਪਹਿਲਾਂ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਪੜ੍ਹਦੇ ਰਹੇ ਤੇ ਫਿਰ ਐਮ. ਐਸ. ਸੀ. ਕਰਕੇ ਖੇਤੀ ਯੂਨੀਵਰਸਿਟੀ ਲੁਧਿਆਣਾ ਵਿੱਚ ਪ੍ਰੋਫ਼ੈਸਰ ਲੱਗੇ ਤੇ ਫਿਰ ਪੀ. ਐਚ. ਡੀ. ਕਰਨ ਖ਼ਾਤਰ 1968 ਵਿੱਚ ਕੈਨੇਡਾ ਤੋਂ ਸਾਊਥ ਕੈਰੋਲੀਨਾ (ਅਮਰੀਕਾ) ਆ ਵੱਸੇ। ਤਦ ਇਸ ਖੇਤਰ ਦੀ 25000 ਦੀ ਵਸੋਂ ਵਿੱਚ ਸਿਰਫ਼ ਇਹ ਇੱਕੋ-ਇੱਕ ਹੀ ਸਿੱਖ ਪਰਿਵਾਰ ਸੀ। ਜਦੋਂ ਇਹ ਘਰੋਂ ਬਾਹਰ ਘੁੰਮਣ ਸ੍ਰ. ਰੰਧਾਵਾ ਪਗੜੀ ਬੰਨ੍ਹ ਕੇ, ਸ਼੍ਰੀਮਤੀ ਰਾਜ ਕੌਰ ਰੰਧਾਵਾ [redacted] ਸਾੜ੍ਹੀ ਪਹਿਨ ਕੇ ਨਿਕਲਦੇ ਤਾਂ ਲੋਕ ਹੈਰਾਨ ਤੇ ਖੁਸ਼ ਹੁੰਦੇ ਤੇ ਕੁਝ ਨੱਕ ਵੱਟਦੇ।

ਨਿੱਕੀ ਦੀ ਮਾਤਾ, ਜਿਨ੍ਹਾਂ ਦਾ ਅਮੀਰ ਪਰਿਵਾਰ, ਹਰਿਮੰਦਰ ਸਾਹਿਬ ਨੇੜਲੇ ਛੇ ਮੰਜ਼ਿਲਾ ਦੇ ਘਰ 'ਚ ਰਹਿੰਦਾ ਸੀ, ਨੇ ਰਾਜ ਕੌਰ ਨੂੰ ਉਨ੍ਹਾਂ ਸਮਿਆਂ ਵਿੱਚ ਕਾਨੂੰਨ ਦੀ ਡਿਗਰੀ ਵਰਗੀ ਉੱਚ ਸਿੱਖਿਆ ਦਿਵਾਈ, ਜਦੋਂਕਿ ਲੋਕ ਤਦ ਕੁੜੀਆਂ ਸਕੂਲ-ਕਾਲਜ ਭੇਜਣ ਦਾ ਬੁਰਾ ਮਨਾਉਂਦੇ ਸਨ। ਸੋ ਉਨ੍ਹਾਂ ਨੂੰ ਵਕੀਲ ਜਾਂ ਜੱਜ ਬਣਾਉਣ ਦੇ ਬਜਾਏ ਵਿਆਹ ਕਰਦਿੱਤਾ ਗਿਆ। ਨਿੱਕੀ ਦੇ ਮਾਤਾ-ਪਿਤਾ ਵਿਆਹ ਤੋਂ ਪਹਿਲਾਂ ਤਦ ਮਿਲੇ ਸਨ, ਜਦੋਂ ਉਨ੍ਹਾਂ ਦੇ ਪਰਿਵਾਰ ਧਰਮਸ਼ਾਲਾ ਵਿੱਚ ਗਰਮੀਆਂ ਦੀ ਸੈਰ ਕਰਨ ਗਏ ਸਨ। ਨਿੱਕੀ ਦੇ ਦਾਦਾ ਜੀ ਸਵ. ਕੈਪਟਨ ਚਰਨ ਸਿੰਘ ਬ੍ਰਿਟਿਸ਼ ਫੌਜ ਦੀ ਘੋੜਸਵਾਰ ਕੰਪਨੀ ਦੇ ਅਫ਼ਸਰ ਸਨ, ਜੋ ਰਿਟਾਇਰਡ ਹੋਣ ਬਾਅਦ ਪਿੰਡ ਦੇ ਸਰਪੰਚ ਰਹੇ ਤੇ ਅੰਤ ਤੱਕ ਵੀ ਚੁਣੇ

ਪੱਤਰਕਾਰ
ਸੁਰਾਜ ਗਿੱਲ
ਸਾਰਲਟ ਨਾਲ

ਨਿਮਰਤ ਕੌਰ ਰੰਧਾਵਾ
ਉਰਫ਼
ਨਿੱਕੀ ਹੈਲੇ ਰੰਧਾਵਾ

ਆਪਣੇ ਪਤੀ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੁੰਦੀਹੋਈ ਨਿੱਕੀ।

ਦ ਉਨ੍ਹਾਂ
ਦਾ ਵੱਧ
ਹੁਆ ਤੇ
ਉਸਨੂੰ
ਕ੍ਰਸ਼ਚਨ
ਾਪਤੀ,
ਖ਼ਾਤਰ
ਜੂਝਣਾ
ਗੁਰੂਆਂ
ਲਈ
ਕਾਇਮ
ਉਸਦੇ
ਪ੍ਰਚਾਰ
ਸ਼ ਕਰਨ
ਰੀਤੀਆਂ,
ਰਹਿ ਕੇ
ਲ ਬੇਖੌਫ਼
ਇੰਟਰਾਂ ਨੂੰ
ਉਸਨੇ ਹਰੇਕ ਘਰ ਦੇ ਦਰਵਾਜ਼ੇ'ਤੇ ਦਸਤਕ
ਸ਼ੇਸ਼ ਸਹਾਇਕ ਰਹੇ ਨੇ ਉਸਦੀ ਮਾਤਾ, ਪਤੀ
ਮਰੀਕੀ ਫ਼ੌਜੀ ਅਫ਼ਸਰ), ਇਲੈਨਰ ਰੀਟਾ, ਡੈਬ
ਵਫ਼ਕੋਵਿਟ, ਸ੍ਰ. ਕਰਤਾਰ ਸਿੰਘ, ਸ੍ਰ.ਸੁਰਜੀਤ
ਡਰੀ (ਹਰਿਆਣਾ) ਦੇ ਚੀਮਾ ਪਰਿਵਾਰ ਸਵ.
ਲੋਂ ਤੇ ਗਿੱਲ ਪਰਿਵਾਰ।

ਸ਼ੁਰੂਆਤੀ ਸਿਆਸੀ ਦੌਰ ਸਮੇਂ ਉਸ ਦੀ
ਕਾਉਂਟੀ ਹਲਕੇ ਵਿੱਚ ਭਾਰਤੀ ਜਾਂ ਪੰਜਾਬੀ
ਹੀ ਸਨ, ਉਸਨੂੰ ਕਿਹਾ ਗਿਆ ਕਿ ਉਹ
ਨ ਨਹੀਂ, ਬੋਧੀ ਧਰਮ ਦੀ ਹੈ। ਉਸਦੇ ਮਾਪੇ ਸਿੱਖ
ਚਰਚ (ਗੁਰਦੁਆਰੇ) ਜਾਂਦੇ ਹਨ ਨਾਂ ਕਿ
ਅਮਰੀਕੀ ਚਰਚ ਵਿੱਚ। ਉਸਦਾ ਪਿਤਾ ਪਗੜੀ ਬੰਨ੍ਹਦਾ ਹੈ। ਉਹ ਮਰਦ ਨਹੀਂ, ਸਿਰਫ਼ ਜਵਾਨ ਲੜਕੀ ਹੈ ਤੇ ਕੁੜੀਆਂ ਤੇ ਔਰਤਾਂ ਸਿਰਫ਼ ਸੈਕਟਰੀ, ਕੋਕਾਂ ਦੀ ਸਜਾਵਟ, ਸੇਲਜ਼ ਗਰਲਜ਼ ਵਰਗੇ ਕੰਮ ਹੀ ਕਰ ਸਕਦੀਆਂ ਹਨ ਨਾਂ ਕਿ ਨੇਤਾਗਿਰੀ।" ਪਰ ਨਿੱਕੀ ਨੇ ਲੋਕਾਂ ਨੂੰ ਦੱਸਿਆ ਕਿ ਉਹ ਕੀ ਹੈ? ਉਹ ਜਾਣਦੀ ਹੈ ਕਿ ਉਹ ਕੀ-ਕੀ ਕਰ ਸਕਦੀ ਹੈ। ਉਸਨੂੰ ਇੱਕ ਵਾਰੀ ਮੌਕਾ ਦਿੱਤਾ ਜਾਵੇ ਤਾਂ ਯਕੀਨੀ ਹਰ ਖੇਤਰ ਵਿੱਚ ਵੱਖਰਾ ਤੇ ਵਧੀਆ ਕਰਕੇ ਬਦਲਾਓ ਲਿਆ ਸਕਦੀਹੈ ਜੋ ਕਿ ਉਸਦੇ ਵਿਰੋਧੀ ਪਾਰਟੀ ਨੇਤਾ ਲੂਰੀ ਕੂੰਨ ਨੇ ਇਸ ਹਲਕੇ ਦੀ ਸੀਟ ਦੀ ਸਿਆਸਤ 'ਤੇ ਲਗਾਤਾਰ 38 ਸਾਲਾਂ ਤੋਂ, ਕਬਜ਼ਾ ਕਰਕੇ ਤੇ ਜਿੱਤ ਕੇ ਵੀ, ਅੱਜ ਤੱਕ ਨਹੀਂ ਕੀਤਾ ਹੈ।

ਨਿੱਕੀ ਨੇ ਸਕੂਲੀ ਵਿੱਦਿਆ ਬਾਅਦ 12 ਸਾਲ ਦੀ ਉਮਰ ਵਿੱਚ ਹੀ ਪਹਿਲਾਂ ਟੈਕਸ ਖੇਤਰ ਵਿੱਚ ਤੇ ਫਿਰ ਘਰ ਵਿੱਚ ਹੀ ਖੋਲ੍ਹੇ ਰੈਡੀਮੇਡ ਕੱਪੜਿਆਂ ਦੇ ਸਟੋਰ ਵਿੱਚ ਪਰਿਵਾਰ ਨਾਲ ਘਰ ਵਿੱਚ ਹੀ ਖੋਲ੍ਹੇ ਰੈਡੀਮੇਡ ਕੱਪੜਿਆਂ ਦੇ ਸਟੋਰ ਵਿੱਚ ਪਰਿਵਾਰ ਨਾਲ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ ਸੀ ਤੇ ਜੋ ਕੁਝ ਸਾਲ ਬਾਅਦ ਵਿਸ਼ਾਲ, ਪ੍ਰਸਿੱਧ ਸਟੋਰ ਵਿੱਚ ਹੀ ਤਬਦੀਲ ਹੋ ਕੇ ਖੂਬ ਆਰਥਿਕ ਲਾਭ ਦੇਣ ਲੱਗ ਪਿਆ ਸੀ। ਐਪਰ ਤਦ ਛੋਟੇ ਵਪਾਰਕ ਅਦਾਰਿਆਂ ਨੂੰ ਜੋ-ਜੋ ਵੀ ਸਰਕਾਰ ਤੇ ਉਸਦੇ ਵਿਭਾਗਾਂ ਵੱਲੋਂ ਮੁਸ਼ਕਲਾਂ ਦਿੱਤੀਆਂ

ਜਾਂਦੀਆਂ ਰਹੀਆਂ, ਇਸ ਤੋਂ ਪ੍ਰੇਸ਼ਾਨ ਤੇ ਦੁਖੀ ਹੋ ਕੇ ਵੀ ਨਿੱਕੀ ਨੂੰ ਇਨ੍ਹਾਂ ਦਾ ਸੌਖਾ ਹੱਲ ਕਰਨ ਖ਼ਾਤਰ ਰਾਜਨੀਤੀ ਦਾ ਰਾਹ ਪਕੜਨਾ ਪਿਆ। ਉਸਨੇ ਆਪਣੇ ਸਟੇਟ ਵਿਚਲੇ ਟੈਕਸਾਂ ਨੂੰ ਘਟਾ ਕੇ ਛੋਟੇ ਵਪਾਰੀਆਂ ਨੂੰ ਉਤਸ਼ਾਹਤ ਤੇ ਸਫਲ ਕੀਤਾ ਤੇ ਐਤਕੀਂ ਕੀਤੇ ਪੰਜਾਬ ਦੇ ਵਪਾਰਕ ਦੌਰੇ ਦੌਰਾਨ ਪੰਜਾਬ ਸਰਕਾਰ ਨੂੰ ਵੀ ਇੰਝ ਕਰਨ ਦੀ ਸਲਾਹ ਦਿੱਤੀ ਤੇ ਕਿਹਾ ਕਿ ਸਾਊਥ ਕੈਰੋਲੀਨਾ ਨਾਲ ਹੋਰ ਵਪਾਰਕ ਸਾਂਝ ਵਧਾਉਣ ਲਈ ਪੰਜਾਬ ਵਿੱਚ ਉਦਯੋਗਪਤੀਆਂ ਤੇ ਸਰਕਾਰ ਵਿਚਕਾਰੋਂ ਬੇਵਿਸ਼ਵਾਸੀ ਵਾਲਾ ਮਾਹੌਲ ਖ਼ਤਮ ਕਰੇ ਤੇ ਸਿੱਖਿਆ ਅਤੇ ਸਿਖਲਾਈ ਦੇ ਕੇਂਦਰ ਵੱਡੀ ਪੱਧਰ 'ਤੇ ਖੋਲ੍ਹ ਕੇ ਪੰਜਾਬੀ ਜਵਾਨੀ ਦੀ ਕਾਬਲੀਅਤ ਦਾ ਲਾਭ ਉਠਾਇਆ ਜਾਵੇ। ਉਸਨੇ ਹੁਣੇ ਆਈ. ਟੀ. ਆਈ. ਪਾਸ ਪਲੰਬਰ, ਵੈਲਡਰ, 20000 ਪੰਜਾਬੀ ਮੁੰਡਿਆਂ ਦੀ ਅਮਰੀਕਾ ਲਈ ਮੰਗ ਕੀਤੀ ਹੈ। ਨਿੱਕੀ ਦੇ ਰਾਜ ਵਿੱਚ ਉਸਦਾ ਸਟੇਟ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਜਿੱਥੇ ਪੈਟਰੋਲ (ਗੈਸ) ਸਭ ਤੋਂ ਸਸਤੀਹੈ, ਬੀ. ਐਮ. ਡਬਲਯੂ. ਕਾਰ ਫੈਕਟਰੀ ਲੱਗ ਚੁੱਕੀ ਹੈ।

ਨਿੱਕੀ ਨੇ ਅੰਗਰੇਜ਼ੀ ਵਿੱਚ ਲਿਖੀ ਕਿਤਾਬ 'ਮਾਈ ਅਮੇਰਿਕਨ ਸਟੋਰੀ' ਵਿੱਚ ਆਪਣੀ ਜੀਵਨਕਥਾ ਵਰਨਣ ਕੀਤੀਹੈ। ਨਿੱਕੀ ਹੈਲੀ ਦੇ ਦੋ ਭਰਾਵਾਂ ਦਾ ਨਾਂ ਮਿੱਟੀ ਅਤੇ ਗੋਰੀ ਹੈ ਅਤੇ ਛੋਟੀ ਭੈਣ ਦਾ ਨਾਂ ਸਿਮੀ ਹੈ। ਨਿੱਕੀ ਰੰਧਾਵਾ ਨੇ ਅਮਰੀਕਾ ਦੇ ਗੋਰੇ ਫੌਜੀਅਫ਼ਸਰ ਮਾਈਕਲ ਹੈਲੀ ਨਾਲ ਪ੍ਰੇਮ ਵਿਆਹ ਕਰਵਾਇਆ, ਜੋ ਕਿ ਸਾਊਥ ਕੈਰੋਲੀਨਾ ਦੀ ਨੈਸ਼ਨਲ ਗਾਰਡ (ਪੈਰਾ ਮਿਲਟਰੀ) ਦਾ ਅਫ਼ਸਰ ਤੇ ਨਿੱਕੀ ਅਤੇ ਅਮਰੀਕਾ ਦੋਵਾਂ ਦਾ ਵੀ ਹੀਰੋ (ਨਾਇਕ) ਹੈ, ਜੋ ਕਿ ਇਰਾਕ ਯੁੱਧ ਵਿੱਚ ਹਿੱਸਾ ਲੈ ਕੇ ਪਰਤਿਆ ਹੈ। ਉਸਦੀ ਦਿੱਖ ਏਨੀ ਸੁੰਦਰ ਹੈ ਕਿ ਉਹ ਫੌਜੀ ਨਾਲੋਂ ਫਿਲਮੀ ਹੀਰੋ ਵੱਧ ਲੱਗਦੈ। ਨਿੱਕੀ ਤੇ ਮਾਈਕਲ ਦੇ ਮਾਪਿਆਂ ਨੇ ਇਸ ਪ੍ਰੇਮੀ ਜੋੜੇ ਦੀਆਂ ਭਾਵਨਾਵਾਂ ਦੀਕਦਰ ਕਰਦੇ ਹੋਏ ਦੋਵਾਂ ਦਾ ਵਿਆਹ ਕਰ ਦਿੱਤਾ, ਜਿਸ ਲਈ ਪਹਿਲਾਂ ਚਰਚ ਵਿੱਚ ਅਤੇ ਫਿਰ ਸ੍ਰੀ ਗੁਰਦੁਆਰਾ ਸਾਹਿਬ ਵਿੱਚ ਅਨੰਦ ਕਾਰਜ ਦੀਆਂ ਰਸਮਾਂ ਸੰਪੰਨ ਕੀਤੀਆਂ ਗਈਆਂ। ਵਿਆਹ ਤੋਂ ਬਾਅਦ ਇਸ ਜੋੜੇ ਦੇ ਕਈ ਸਾਲਾਂ ਤੱਕ ਕੋਈ ਬੱਚਾ ਪੈਦਾ ਨਹੀਂ ਸੀ ਹੋ ਰਿਹਾ, ਤਦ ਅਮਰੀਕਨ ਡਾਕਟਰਾਂ ਨੇ ਜਾਂਚ ਕਰਕੇ

ਨਿੱਕੀ ਨੇ ਅੰਗਰੇਜ਼ੀ ਵਿੱਚ ਲਿਖੀ ਕਿਤਾਬ 'ਮਾਈ ਅਮੇਰਿਕਨ ਸਟੋਰੀ' ਵਿੱਚ ਆਪਣੀ ਜੀਵਨਕਥਾ ਵਰਨਣ ਕੀਤੀਹੈ। ਨਿੱਕੀ ਹੈਲੀ ਦੇ ਦੋ ਭਰਾਵਾਂ ਦਾ ਨਾਂ ਮਿੱਟੀ ਅਤੇ ਗੋਰੀ ਹੈ ਅਤੇ ਛੋਟੀ ਭੈਣ ਦਾ ਨਾਂ ਸਿਮੀ ਹੈ।

ਨਿੱਕੀ ਰੰਧਾਵਾ ਨੇ ਅਮਰੀਕਾ
ਗਏ ਹਰਮੀਤ ਅਹਮਦ ਨਾਲ
ਨਲੀ ਨਾਲ ਪ੍ਰੇਮ ਵਿਆਹ
ਕਰਨ ਦਾ ਫੈਸਲਾ ਕੀਤਾ ਕਿ
ਕੰਵਲਜੀਤ ਦੀ ਨੇਕਦਿਲ ਮਾਂ
(ਪੈਰਾ ਮਿਲਟਰੀ) ਦਾ ਅਹਿਸਾਸ
ਨਿੱਕੀ ਅਤੇ ਅਮਰੀਕਾ ਲਈ
ਵੀ ਗੋਰੇ (ਨਾਇਕੀ ਤੇ
ਇਨਾਕ ਗੁੱਟ ਵਿਚ ਰਿਸ
ਪਰਤਿਆ ਹੈ। ਉਮਰਾਂ ਵਿਚ
ਸੁੰਦਰ ਹੈ ਕਿ ਉਹ ਹੁਣੀਂ
ਨਿਲਮੀ ਗੋਰੇ ਵੰਝ ਅਗਲੇ

ਰਿਪੋਰਟ ਲਿਖ ਦਿੱਤੀ ਕਿ ਇਸ ਜੋੜੇ ਦੀ ਕੁੱਖੋਂ ਕਦੇ ਵੀ ਬੱਚਾ ਪੈਦਾ ਨਹੀਂ ਹੋ ਸਕੇਗਾ। ਪਰ ਤਦ ਤੋਂ ਲਗਾਤਾਰ ਕਈ ਸਾਲ ਹਰੇਕ ਐਤਵਾਰ ਨੂੰ ਇਹ ਜੋੜਾ ਸ੍ਰੀ ਗੁਰਦੁਆਰਾ ਕੋਲੰਬੀਆ ਆ ਕੇ ਬਾਥਰੂਮਾਂ ਦੀ ਸਫਾਈ ਵੀ ਕਰਨ ਲੱਗਾ ਤੇ ਗੁਰਬਾਣੀ ਸੁਣਨ ਬਾਅਦ ਅਰਦਾਸਾਂ ਵੀ ਕਰਨ ਲੱਗਾ। ਆਖ਼ਰ ਇਨ੍ਹਾਂ ਦੀ ਅਰਦਾਸ ਧੁਰ-ਦਰਗਾਹੋਂ ਕਬੂਲ ਹੋਈ ਤੇ ਬੇਟੀ ਰੈਨਾ ਤੇ ਬੇਟੇ ਨਲਿਨ ਦਾ ਜਨਮ ਹੋਇਆ ਤਾਂ ਇਹ ਚਮਤਕਾਰ ਵੇਖ ਕੇ ਅਮਰੀਕਾ ਦੇ ਡਾਕਟਰ ਵੀ ਹੈਰਾਨ ਹੋ ਗਏ। ਰੈਨਾ ਹੁਣ 17 ਸਾਲਾਂ ਦੀ ਤੇ ਨਲਿਨ 14 ਸਾਲ ਦਾ ਹੈ ਤੇ ਦੋਵੇਂ ਹੁਸ਼ਿਆਰ ਵਿਦਿਆਰਥੀ ਹਨ। ਸਾਊਥ ਕੈਰੋਲੀਨਾ ਦੇ ਸ਼ਹਿਰ ਬੈਮੈਬਰਗ ਜਿੱਥੇ ਨਿੱਕੀ ਦਾ ਬਚਪਨ ਗੁਜ਼ਰਿਆ ਹੈ, ਦੀਆਂ ਕੌੜੀਆਂ-ਮਿੱਠੀਆਂ ਯਾਦਾਂ ਚੇਤੇ ਕਰਕੇ ਰੰਧਾਵਾ ਪਰਿਵਾਰ ਦੀਆਂ ਅੱਖਾਂ ਅੱਜ ਵੀ ਨਮ ਹੋ ਜਾਂਦੀਆਂ ਹਨ ਜਦੋਂਕਿ ਇਸੇ ਪਰਿਵਾਰ ਨੂੰ ਨਾ ਕਾਲੇ ਤੇ ਨਾ ਹੀ ਗੋਰੇ ਲੋਕ ਆਪਣੇ ਵਰਗਾ ਸਮਝਦੇ ਸਨ ਤੇ ਇਨ੍ਹਾਂ ਨੂੰ ਅਨੋਖੀ ਜਾਤੀ 'ਬਰਾਊਨ' ਆਖ ਕੇ ਵਿੱਥ ਰੱਖਦੇ ਸਨ। ਤਦ ਉਹ ਇਨ੍ਹਾਂ ਨੂੰ ਨਾ ਹੀ ਘਰ ਕਿਰਾਏ'ਤੇ ਅਤੇ ਨਾ ਹੀ ਆਪਣੀਆਂ ਬਸਤੀਆਂ ਵਿੱਚ ਮੁੱਲ ਹੀ ਲੈਣ ਦੇ ਰਹੇ ਸਨ। ਸਕੂਲੀ ਫੰਕਸ਼ਨਾਂ 'ਤੇ ਗਰਲਜ਼ ਸਕਾਊਟ ਕੈਂਪ ਮੁਕਾਬਲਿਆਂ ਵਿੱਚੋਂ ਵੀ ਨਿੱਕੀ ਨੂੰ ਬਰਾਊਨ ਆਖ ਕੇ ਕੱਢ ਦਿੱਤਾ ਗਿਆ ਸੀ ਪਰ....। ਹੁਣ ਇਹੋ ਪਰਿਵਾਰ ਵੱਡੇ-ਵੱਡੇ ਫੰਕਸ਼ਨਾਂ ਵਿੱਚ ਮੂਹਰਲੀ ਕਤਾਰ ਵਿੱਚ ਬਿਰਾਜਮਾਨ ਹੁੰਦਾ ਹੈ।

ਗਿੱਲ - ਸ਼ਾਰਲਟ (ਅਮਰੀਕਾ), 001-704-257-6693

ਫੁਰਸਤ ਦੇ ਪਲਾਂ ਦੌਰਾਨ
ਨਿੱਕੀ ਆਪਣੀ ਇੱਕ
ਦੋਸਤ ਨਾਲ

ਪੰਜਾਬੀ ਸਾਹਿਤ

21

ਕ

(

'ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ' (ਇੰਕ) ਦੀ ਪੇਸ਼ਕਸ਼

ਪ੍ਰਬੰਧਕੀ ਨਿਰਦੇਸ਼ਕ : ਮਨਵੀਰ ਭੌਰਾ
ਮੁੱਖ ਸੰਪਾਦਕ : ਐਮ. ਅਸ਼ੋਕ ਭੌਰਾ – 510-415-3315
ਸੰਪਾਦਕ : ਜੁਗਿੰਦਰ ਸੰਧੂ
ਮੈਨੇਜਰ : ਅਨਮੋਲ

'ਇੱਕੀ' ਦੇ ਥੰਮ੍ਹ

ਜੇ. ਮਨਿਹਾਸ (ਵੈਨਕੂਵਰ), ਗੁਰਚਰਨ ਭੌਰਾ (ਟੋਰਾਂਟੋ), ਗੁਰਮੁਖ ਭੁੱਲਰ (ਸ਼ਿਕਾਗੋ), ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ (ਫਰਿਜ਼ਨੋ), ਦਰਸ਼ਨ ਦਰਦ (ਇੰਡੀਆਨਾ), ਕੁਲਵੰਤ ਨਾਗਰਾ (ਹਿਊਸਟਨ), ਹਰਸ਼ੰਸ ਬੱਧਣ, ਮੇਸ਼ੀ ਬੰਗੜ (ਨਿਊਯਾਰਕ), ਗਾਖਲ ਬ੍ਰਦਰਜ਼, ਜੱਸੀ ਗਿੱਲ, ਮੋਹਨ ਗਿੱਲ, ਨਰਪਾਲ ਸਿੰਘ ਸ਼ੇਰਗਿੱਲ (ਇੰਗਲੈਂਡ), ਜੱਸੀ ਬੰਗਾ, ਧਰਮਪਾਲ ਝੰਮਟ

ਦੇਸ਼-ਰੇਖ

ਨਿਊਜ਼ੀਲੈਂਡ	: ਹਰਜਿੰਦਰ ਸਿੰਘ ਬਸਿਆਲਾ +642102539830
ਆਸਟ੍ਰੇਲੀਆ	: ਸਰਵਣ ਸੰਧੂ +61433306800
ਇਟਲੀ	: ਦਲਬੀਰ ਕੈਂਥ +393290792236
ਆਸਟਰੀਆ	: ਮਨਰਾਜ, +436648870538
ਇੰਗਲੈਂਡ	: ਸ਼ਿਵਚਰਨ ਜੱਗੀ ਕੁੱਸਾ +447853317891
ਦੁਬਈ	: ਕੁਲਵੰਤ 'ਭਾਨਾ'
ਜਰਮਨੀ	: ਰੇਸ਼ਮ ਭਰੋਲੀ +491778646739
ਕੈਨੇਡਾ	: ਪ੍ਰਿਤਪਾਲ ਗਿੱਲ +16047268410
ਸ਼ਿਕਾਗੋ	: ਹਰਜੰਤ ਸਿੰਘ ਬਾਂਵਾ (331) 6454386
ਆਰਟਿਸਟ	: ਸੁਖਵੰਤ, ਸੁਰਜੀਤ ਕੁਮਾਰ
ਡਿਜ਼ਾਈਨਿੰਗ	: ਸੁਦੇਸ਼ ਕੁਮਾਰ ਬੱਗਾ, ਜਲੰਧਰ +91 90416-59160

ਦਿੱਲੀ : 59, Mandir Wali Gali, Savan Park Delhi-110052

ਜਲੰਧਰ : 3710/7, ਟੈਗੋਰ ਨਗਰ, ਨੇੜੇ ਸ਼ਹਿਨਾਈ ਪੈਲੇਸ, ਬਸਤੀ ਸ਼ੇਖ ਰੋਡ, ਜਲੰਧਰ

ਸੰਪਰਕ : 001-510-695-4836, 001-510-415-3315 (ਅਮਰੀਕਾ) ਅਸ਼ੋਕ ਭੌਰਾ
– ਜਲੰਧਰ +91 94174-02327 (ਭਾਰਤ) - ਜੁਗਿੰਦਰ ਸੰਧੂ (ਜੱਗਬਾਣੀ)

IKKI INTERNATIONAL ENTERTAINMENT INC. (REGD.)
P.O. Box No. 2671 FREMONT CA USA-94536-0671
Website : www.ikkiusa.com
ikkienternationalent@gmail.com
Facebook Page : ikki 21
Whatsapp : 001-510-695-4836

ਅਨੁਕ੍ਰਮਣੀ

ਲੜੀ ਨੰ.		ਪੰਨਾ
1.	ਨੇਪਾਲ ਦੀ ਧਰਤੀ ਨੂੰ ਪ੍ਰਾਪਤ ਹੈ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ.....-ਜੁਗਿੰਦਰ ਸੰਧੂ	6
2.	ਸੰਪਾਦਕੀ	9
3.	ਫੁੱਲ ਕੱਢ ਲਏ ਯਾਦਾਂ ਦੇ ਉਮਰਾਂ ਦੀ ਫੁਲਕਾਰੀ	11
4.	ਕੌਮਾਂਤਰੀ ਸਚਿੱਤਰ ਮੈਗਜ਼ੀਨ 'ਇੱਕੀ' ਹੋਇਆ ਵਿਸ਼ਵ ਭਰ 'ਚ ਲੋਕ ਅਰਪਿਤ	20
5.	ਇੱਕ ਮੁਲਾਕਾਤ-ਨਿੱਕੀ ਹੈਲੇ.....-ਜੁਗਰਾਜ ਗਿੱਲ	28
6.	ਕਠਪੁਤਲੀ (ਕਹਾਣੀ) .....-ਜੀਤ ਬਾਲੀਆ	34
7.	ਭਾਰਤ-ਨੇਪਾਲ ਰਿਸ਼ਤਿਆਂ ਦੀ ਨਵੀਂ ਇਬਾਰਤ.....-ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ	39
8.	ਬੇਰੀ ਵਾਲਾ ਪੁਲ..... -ਰਣਜੀਤ ਸਿੰਘ	43
9.	1965 ਦੀ ਹਿੰਦ-ਪਾਕਿ ਜੰਗ...-ਬ੍ਰਿਗੇਡੀਅਰ ਅਨੰਤ ਸਿੰਘ	47
10.	ਰੋਸ਼ਨ ਖਿੱਪਲ ਦਾ ਬਲਵੰਤ ਗਾਰਗੀ.. ਗੁਲਜ਼ਾਰ ਸਿੰਘ ਸੰਧੂ	50
11.	ਮੂਰਤੀਆਂ ਹੁੰਗਾਰਾ ਨਹੀਂ ਭਰਦੀਆਂ...ਕੁਲਦੀਪ ਸਿੰਘ ਬੇਦੀ	57
12.	ਏਦਾਂ ਦਾ ਨਹੀਂ ਵੇਖਿਆ ਵਿਆਹ ਮਿੱਤਰੋ.....-ਅਸ਼ੋਕ ਭੌਰਾ	67
13.	ਤ੍ਰਾਸਦੀ ਪੰਜਾਬ ਦੀ .....-ਸ਼ਿਵ ਕੁਮਾਰ ਬਾਵਾ	76
14.	ਬੰਦਾ ਭੁੱਲਣਹਾਰ ਹੈ (ਵਿਅੰਗ)....-ਬਲਦੇਵ ਸਿੰਘ ਆਜ਼ਾਦ	82
15.	ਬਲਦੇਵ ਸਿੰਘ 'ਸੜਕਨਾਮਾ' .....-ਦਰਸ਼ਨ ਸੰਘਾ	85
16.	ਸ਼ਹੀਦ ਅਰਜਨ ਸਿੰਘ ਖੁਖਰਾਣਾ.... -ਡਾ. ਗੁਰਲਾਲ ਸਿੰਘ	97
17.	ਸੁਰ-ਸੰਗੀਤ.....-ਸਵਰਨ ਸਿੰਘ ਟਹਿਣਾ	106
18.	ਪੰਜਾਬੀ ਕਵਿਤਾ (ਸਰਵੇਖਣ).....-ਡਾ. ਜਗਜੀਤ ਸਿੰਘ	111
19.	ਸਿਆਸਤ ਦੇ ਪਿੜ 'ਚੋਂ.....-ਜਤਿਦਰ ਸਿੰਘ ਪਨੂੰ	115
20.	ਇਤਿਹਾਸ ਦੇ ਝਰੋਖੇ 'ਚੋਂ.....-ਸੁਰਿੰਦਰ ਕੋਛੜ	122
21.	ਕਾਵਿ-ਕਿਆਰੀ.....	130
22.	ਮਿੰਨੀ ਕਹਾਣੀਆਂ.....	135
23.	ਸਮੀਖਿਆ.....	136
23.	ਵਿੱਸਰ ਰਿਹਾ ਵਿਰਸਾ (ਖੇਡਾਂ).....-ਮਿੱਠੂ ਲੱਡਾ	137
23.	ਬੱਚਿਆਂ ਦਾ ਵਿਹੜਾ.....	140

ਐਂਟਰਟੇਨਮੈਂਟ (ਇੰਕ) ਵੱਲੋਂ ਸੰਗਮ ਪਬਲੀਕੇਸ਼ਨ, ਪਟਿਆਲਾ (ਪੰਜਾਬ) ਤੋਂ ਛਪਵਾ ਕੇ ਪੋਸਟ ਬਾਕਸ ਨੰ. 2671, ਫਰੀਮਾਂਟ (ਕੈਲੀਫੋਰਨੀਆ), ਅਮਰੀਕਾ ਤੋਂ ਪ੍ਰਕਾਸ਼ਤ ਕੀਤਾ।

21

IKKI INTERNATIONAL ENT.

₹7500 Rs.
$120 Yearly



ਪੁਤੁ ਰਤਿਮੰਦਰੁ ਮੋਰਟਾ,
ਤਿਸੁ ਮਹਿ ਮਾਣਕ ਲਾਲ

(>> 4)

ਨਾਨਕਾ ਮੇਲ

(>> 34)

ਅਮਰੀਕਾ ਦੇ ਸਰਗਰਮ ਪੰਜਾਬੀ
ਰੰਗਮੰਚ ਦਾ ਰੌਲਮਾਂ ਦੱਲ ਮੋੜ

(>> 42)

(>> 106)

Website : www.ikkiusa.com, ikkienternationalent@gmail.com
Facebook Page : ikki 21, Whatsapp : 001-510-695-4836

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਮੁੱਖ ਸੰਪਾਦਕ ਐੱਸ. ਅਸ਼ੋਕ ਭੌਰਾ ਨੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ (ਇੰਕ) ਵੱਲੋਂ ਸੰਗਮ ਪਬਲੀਕੇਸ਼ਨ, ਪਟਿਆਲਾ (ਪੰਜਾਬ) ਤੋਂ ਛਪਵਾ ਕੇ ਪੋਸਟ ਬਾਕਸ ਨੰ. 2671, ਫਰੀਮਾਂਟ (ਕੈਲੀਫੋਰਨੀਆ), ਅਮਰੀਕਾ ਤੋਂ ਪ੍ਰਕਾਸ਼ਤ ਕੀਤਾ।

From - Jugraj Singh Gill
8213 Moores Chapel Rd.
Charlotte NC 28214-1526-USA
PH- 704-257-6693

ਸਤਿਕਾਰਯੋਗ ਭੈਯਾ ਸਾਹਿਬ,

ਪਿਆਰ ਭਰੀ ਸਤਿ ਸ੍ਰੀ ਅਕਾਲ ਜੀ।

ਬੇਨਤੀ ਹੈ ਕਿ ਜੋ ਮੈਂ ਇਹ ਚੀਜ਼ਾਂ ਲਿਖੀ ਹੈਗੀ ਜੀ ਚ ਇਕੱਠੀ। ਆਸਾਂ ਕਰਕੇ ਭੇਜਿਆ ਹੈ, ਇਸਦੇ ਪਰੀ ਗਰਿਗਾਈ, ਇਕਸਮਈ ਤੇ ਪਿਆਰ ਨਾਲ ਪੜਨੇ ਲੱਗਣ ਕਿ ਇਹ ਸਭ ਠੀਕ-ਠਾਕ ਹੈ? ਜੇਕਰ ਤੁਹਾਡੇ ਦੇਖਣ ਵਿਚੋਂ ਮੈਂ ਦੇਖ ਲਾਂ ਆਖਿਆ ਤਾਂ ਮੈਂ ਠੀਕ (O.K.) ਸਮਝਾਂ ਗਿਆ।

ਇਹ ਪੂਰਾ ਤੇ ਗੀਤ ਇਕੱਠੇ ਕਰੇ ਕਰੇ ਮੁਢ ਤੋਂ ਪੰਜਾਬੀ ਮੈਗਜ਼ੀਨ - 21 (Twenty one) ਵਿਚ ਛਪਦਾ ਤੇ ਉਸਦੇ ਚੀਫ ਐਡੀਟਰ ਸਾਬ. ਅਸ਼ੋਕ ਭੌਰਾ ਨੂੰ 100 ਡਾਲਰ ਚੈਕ ਭੇਜਣ ਦੀ ਕ੍ਰਿਪਾ ਕਰੋ ਜੀ- ਪਤਾ ਹੈ:-

S. Ashok Bhoura
IKKi International Entertainment Inc (Reg.)
P.O. Box No -2671 Freemont-94536 CA-USA.
Phone - 510-695-4836, 510-415-3315 (USA)
India - J.S. Sandhu (Jaybani Newspaper) Editor India ਸਾਹਿਬ
011-91-94174-02327

ਨੋਟ - ਇਸ ਗੀਤ, ਗਰੇਜੜ ਪੇਪਰ, 150 ਸਫੇ ਦਾ, ਵਾਰੀ ਵਾਰੋ ਮੈਗਜ਼ੀਨ-21 ਦੀ ਪਰਿਕਿਆ ਅੰਦਰ ਦਸੀਆਂ ਦੇ 10 ਦੇਸਾਂ ਵਿਚ ਇਕ ਦਾਰੀ ਗੀਤਾਂ ਵੀਤਾ ਕਿਆ ਹੈ, ਜਿਸ ਦੀ ਇਕ ਵਾਰੀ ਸ੍ਰ. ਸਰਦਾਰ ਸਿੰਘ ਭੈਯਾ (ਗੋਮਟੀਆਂ) ਅਤੇ ਸ੍ਰ. ਵਰਤਾਰ ਸਿੰਘ ਨੂੰ ਦਿੱਤੀ ਜਾ ਚੁੱਕੀ ਹੈ, ਜੋ ਕਿ ਉਨਾਂ ਨੇ ਬੇਹੱਦ ਪਸੰਦ ਕੀਤਾ ਹੈ।

ਉਮੀਦ ਹੈ ਤੁਹਾਨੂੰ ਵੀ ਪਸੰਦ ਆਏਗਾ, ਅਤੇ ਕਿ ਸ੍ਰ. ਵਰਤਾਰ ਸਿੰਘ (ਗਰ ਗਿੱਲ) ਤੁਹਾਨੂੰ ਘਰ ਤੋਂ ਇਹ ਮੈਗਜ਼ੀਨ ਦੀ ਪਰਿਕਿਆ ਅੰਦਰ ਪੜਨ ਦਾਸਰ ਭੇਟਾ ਕਰਨਗੇ।

ਅਖੇਰੀ ਪੱਤਰ ਪੜਿਆ ਤੇਰ ਕਾਰਨ ਕਦੇ ਗਲਤੀ ਹੋਈ ਤਾਂ ਮਾਫ਼ ਕਰਨਾ ਜੀ।

ਤੁਹਾਡੇ ਸਾਰੇ ਪਰਿਵਾਰ ਤੇ ਸੇਵਾਵਾਂ ਦੇ ਸਾਰੇ ਗਿੱਲ ਪਰਿਵਾਰ ਵੱਲੋਂ ਸਤਿ ਸ੍ਰੀ ਅਕਾਲ। ਚੰਗਿਆਂ ਦੇ ਪਿਆਰ।

ਪੰਜਾਬ ਸਤਿਕਾਰ ਉਗਰਾ ਅਯਦਾ- (ਦੇਹ ਦੇ ਉਤੇ ਇਹ)
ਜਗਰਾਜ ਸਿੰਘ ਗਿੱਲ, 8213-ਮੂਰ ਚੈਪਲ ਰੋਡ, ਸ਼ਾਰਲ N.C. 28214.
(ਫੋਨ- 704-257-6693 (ਘਰ) 24x7-Free.)